



 ISSN : 2395-1273 www.sanvad.org

# ਯੁਵਾ ਪੰਜਾਬੀ ਪਰਵਾਸ ਦਾ
## ਪੰਜਾਬੀ ਸਮਾਜ-ਸਭਿਆਚਾਰ ਉੱਪਰ ਪ੍ਰਭਾਵ

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਤੋਂ ਦੂਸਰੇ ਦੇਸ਼ਾਂ ਵਿਚ ਪਰਵਾਸ ਕਰਨ ਦਾ ਅਮਲ ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ। ਇਸ ਪਰਵਾਸ ਦਾ ਪੰਜਾਬ ਅਤੇ ਪੰਜਾਬੀ ਸਮਾਜ ਉਪਰ ਪ੍ਰਭਾਵ ਵੀ ਬਹੁਤ ਗੰਭੀਰ ਹੁੰਦਾ ਜਾ ਰਿਹਾ ਹੈ। ਯੁਵਾਵਾਂ ਦੇ ਵਿਦਿਆਰਥੀ ਬਣ ਕੇ ਵਿਦੇਸ਼ ਵਿਚ ਵੱਸਣ ਦੀ ਪ੍ਰਕਿਰਿਆ ਨੇ ਆਉਣ ਵਾਲੇ ਸਮੇਂ ਵਿਚ ਪੰਜਾਬੀ ਸਮਾਜ ਵਿਚ ਕਈ ਤਰ੍ਹਾਂ ਦੀਆਂ ਗੰਭੀਰ ਸਮੱਸਿਆਵਾਂ ਦੇ ਪੈਦਾ ਹੋਣ ਦਾ ਸੰਕੇਤ ਵੀ ਕਰ ਦਿੱਤਾ ਹੈ। ਯੁਵਾਵਾਂ ਵਲੋਂ ਪਰਵਾਸ ਕਰਨ ਦੇ ਰੁਝਾਨ ਨਾਲ ਪੈਦਾ ਹੋ ਰਹੀਆਂ ਸਮੱਸਿਆਵਾਂ ਨੂੰ ਦੋ ਦ੍ਰਿਸ਼ਟੀਆਂ ਨਾਲ ਵੇਖਣਾ ਵਧੇਰੇ ਪ੍ਰਸੰਗਿਕ ਹੋਵੇਗਾ। ਇਕ ਸਥਿਤੀ ਯੁਵਾਵਾਂ ਦੇ ਵਿਦੇਸ਼ ਜਾਣ ਦੇ ਕਾਰਣਾਂ ਅਤੇ ਵਿਦੇਸ਼ ਵਿਚ ਜਾ ਕੇ ਵਸਣ ਦੇ ਮਸਲਿਆਂ ਨਾਲ ਸਬੰਧਤ ਹੈ ਅਤੇ ਦੂਜੀ ਸਥਿਤੀ ਪਿਛੇ ਰਹਿ ਗਏ ਪੰਜਾਬ ਅਤੇ ਪੰਜਾਬੀ ਸਮਾਜ ਦੀ ਹੈ। ਇਨ੍ਹਾਂ ਦੋਹਾਂ ਦਾ ਸਬੰਧ ਭਾਵੇਂ ਇਕੋ ਹੀ ਮਸਲੇ ਨਾਲ ਹੈ ਪਰ ਇਨ੍ਹਾਂ ਦੇ ਪ੍ਰਭਾਵ ਵੱਖਰੇ ਹਨ। ਇਨ੍ਹਾਂ ਸਥਿਤੀਆਂ ਨੂੰ ਸਾਰਥਕ ਰੂਪ ਵਿਚ ਸਮਝਣ ਲਈ ਪਰਵਾਸ ਨਾਲ ਸਬੰਧਤ ਕੁਝ ਇਤਿਹਾਸਕ ਨੁਕਤਿਆਂ ਉਪਰ ਵਿਚਾਰ ਕਰਨਾ ਉਚਿਤ ਜਾਪਦਾ ਹੈ। ਪੰਜਾਬ ਤੋਂ ਪਰਵਾਸ ਦਾ ਸਿਲਸਿਲਾ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਸ਼ੁਰੂ ਹੋ ਚੁੱਕਾ ਸੀ ਪਰ ਉਸ ਦੇ ਪ੍ਰਮੁੱਖ ਕਾਰਣ ਇਕ ਬਸਤੀਵਾਦੀ ਸਰਕਾਰ ਦੇ ਮੁਲਾਜ਼ਮ ਬਣ ਕੇ ਜਾਣ ਨਾਲ ਸਬੰਧਤ ਸਨ। ਪਰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਿਨ੍ਹਾਂ ਆਰਥਿਕ ਤਬਦੀਲੀਆਂ ਦੇ ਦੌਰ ਵਿਚੋਂ ਦੇਸ਼ ਅਤੇ ਪੰਜਾਬ ਨਿਕਲ ਰਿਹਾ ਸੀ ਉਸ ਦੇ ਮੱਦੇ-ਨਜ਼ਰ ਪੰਜਾਬੀ ਆਰਥਿਕ ਲੋੜਾਂ ਕਾਰਣ ਆਪਣੇ ਪ੍ਰਮੁੱਖ 'ਕਾਸ਼ਤਕਾਰੀ' ਕਿੱਤੇ ਤੋਂ ਇਲਾਵਾ ਹੋਰਨਾਂ ਖੇਤਰਾਂ ਵਲ ਵੀ ਰੁਚਿਤ ਹੋਣ ਲੱਗੇ—

> But it was also an occasion when the true Punjabi grit stood out and people girded their loins to face and overcome the situaiton. Traders began traiding n rudimentary ways and farmers began working on the small tracts of land allotted to them. However, they did not confine themselves within the boundaries of Punjab, but soon spread across to Delhi, UP, MP, Kolkata, etc. Farmers developed uncultivated lands in these areas and converted them into prosperous farms. Traders became a force to reckon with and Delhi was virtually taken over by them. Transporters and



**ਡਾ. ਗੁਰਜੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ
ਮਾਤਾ ਸੁੰਦਰੀ ਕਾਲਜ
ਫ਼ਾਰ ਵਿਮੈਨ ਦਿੱਲੀ
98103-69586
gurjit707.gk@gmail.com



**ਪ੍ਰੋ. ਰਵਿੰਦਰ ਸਿੰਘ**
ਫੈਲੋ
ਆਈ ਆਈ ਏ ਐਸ ਸ਼ਿਮਲਾ
98103-69568
ravinder707@gmail.com

spare-part traders spread to cities like Kolkata, Mumbai and Chennai. It is due to the eternal grit of the indomitable Punjabi spirit that the word 'refugee' soon went out of use.

(Punjab's exodus without an end, Gurbachan Jagat)

ਪੰਜਾਬ ਤੋਂ ਬਾਹਰ ਜਾਣ ਦਾ ਇਹ ਦੌਰ ਪੰਜਾਬੀਆਂ ਦੇ ਮਿਹਨਤ-ਕਸ਼ ਹੋਣ ਦਾ ਪ੍ਰਮਾਣ ਸੀ ਅਤੇ ਕਿਤੇ ਵੀ ਜਾ ਕੇ ਵੱਸ ਜਾਣ ਦੇ ਸੁਭਾਅ ਦਾ ਲਖਾਇਕ ਵੀ ਸੀ। ਸਮਾਂ ਲੰਘਣ ਨਾਲ, ਪੰਜਾਬ ਤੋਂ ਹੋਣ ਵਾਲੇ ਪਰਵਾਸ ਦੇ ਮਨੋਰਥਾਂ ਵਿਚ ਕੋਈ ਬਹੁਤਾ ਅੰਤਰ ਨਹੀਂ ਆਇਆ ਪਰ ਇਸ ਦੇ ਤਰੀਕਿਆਂ ਵਿਚ ਜ਼ਰੂਰ ਤਬਦੀਲੀ ਆਈ ਹੈ। ਪਰਵਾਸ ਕਰਨ ਦੇ ਕਾਰਣ ਚੰਗੇ ਰੁਜ਼ਗਾਰ ਅਤੇ ਸੁਖਾਲੀ ਸਮਾਜਕ ਵਿਵਸਥਾ ਦੀ ਪ੍ਰਾਪਤੀ ਤਾਂ ਪਹਿਲੋਂ ਵਾਲੇ ਹੀ ਹਨ, ਅਤੇ ਨਾਲ ਹੀ ਪੰਜਾਬ ਵਿਚਲੀ ਬੇਰੁਜ਼ਗਾਰੀ ਦੀ ਯਥਾਰਥ ਸਥਿਤੀ ਵਿਚ ਵੀ ਕੋਈ ਅੰਤਰ ਨਹੀਂ ਆਇਆ ਸਗੋਂ ਨਿਘਾਰ ਹੀ ਆਇਆ ਹੈ।

In due course of time, the economic situation in both Majha and Malwa areas also deteriorated and the people from these areas also started migrating. New avenues for migrants had opened up in Canada, the USA, Australia, Italy, etc. While the US attracted professionals like doctors and technocrats, other countries' demand for semi-skilled and unskilled labour was greater.

(Punjab's exodus without an end, Gurbachan Jagat)

ਵਰਤਮਾਨ ਪੰਜਾਬ ਦੀ ਆਰਥਿਕਤਾ ਦੇ ਸੰਦਰਭ ਵਿਚ ਇਹ ਗੱਲ ਹਕੀਕਤ ਹੈ ਕਿ ਇਥੋਂ ਦੀ ਅਰਥ-ਵਿਵਸਥਾ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਖਵਾਹਿਸ਼ਾਂ ਮੁਤਾਬਿਕ ਰੁਜ਼ਗਾਰ ਦੇਣ ਤੋਂ ਅਸਮਰਥ ਹੈ। ਗੱਲ ਇਹ ਨਹੀਂ ਕਿ ਇਥੇ ਵਿਦਿਅਕ ਢਾਂਚਾ ਨਾਕਾਮ ਹੋ ਰਿਹਾ ਹੈ, ਸਗੋਂ ਇਸ ਦੇ ਉਲਟ ਇਥੇ ਹਰ ਤਰ੍ਹਾਂ ਦੇ ਕਿੱਤੇ ਦੇ ਲਈ ਹਰ ਤਰ੍ਹਾਂ ਦੇ ਵਰਗ ਲਈ ਵਿਦਿਅਕ ਅਦਾਰੇ ਮੌਜੂਦ ਹਨ ਜਿਸ ਵਿਚ ਪੜ੍ਹਾਈ-ਸਿਖਲਾਈ ਹਾਸਲ ਕਰਕੇ ਬਹੁਤ ਸਾਰੇ ਨੌਜਵਾਨ ਵਧੀਆ ਰੁਜ਼ਗਾਰ ਹਾਸਲ ਕਰਨ ਦੀ ਕਾਬਲੀਅਤ ਤਾਂ ਹਾਸਲ ਕਰ ਲੈਂਦੇ ਹਨ ਪਰ ਉਨ੍ਹਾਂ ਨੂੰ ਪੰਜਾਬ ਦੇ ਅੰਦਰ ਰੁਜ਼ਗਾਰ ਦੇ ਮੌਕੇ ਪ੍ਰਾਪਤ ਨਹੀਂ ਹੁੰਦੇ। ਇਹ ਸਥਿਤੀ ਯੁਵਾ ਪੀੜ੍ਹੀ ਅੰਦਰ ਨਿਰਾਸ਼ਾ ਪੈਦਾ ਕਰ ਰਹੀ ਹੈ ਅਤੇ ਇਥੇ ਉਹ ਚੰਗੀ ਵਿਦਿਆ ਹਾਸਲ ਕਰਨ ਦੇ ਬਾਵਜੂਦ, ਵਿਦੇਸ਼ੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਹੋਰ ਛੋਟੇ, ਪਰ ਮਹਿੰਗੇ ਕੋਰਸ ਕਰਕੇ ਉਥੇ ਹੀ ਰੁਜ਼ਗਾਰ ਹਾਸਲ ਕਰਨ ਦੀ ਤਾਂਘ ਵਿਚ ਰਹਿੰਦੇ ਹਨ। ਯੁਵਾ ਪੀੜ੍ਹੀ ਦਾ ਇੰਜ ਸੋਚਣਾ ਅਤੇ ਕਰਨਾ ਨਾਵਾਜਬ ਨਹੀਂ ਹੈ ਕਿਉਂਕਿ ਵਿਦੇਸ਼ ਵਿਚ ਉਨ੍ਹਾਂ ਨੂੰ ਛੇਤੀ ਹੀ ਉਨ੍ਹਾਂ ਦੀ ਮਿਹਨਤ ਦਾ ਮੁੱਲ ਪ੍ਰਾਪਤ ਹੋ ਜਾਂਦਾ ਹੈ। ਫ਼ਿਰ ਜਿਥੇ ਰੁਜ਼ਗਾਰ ਉਥੇ ਹੀ ਵਸੇਬਾ, ਘਰ-ਪਰਿਵਾਰ ਆਦਿ ਸ਼ੁਰੂ ਕਰਨਾ ਵੀ ਇਕ ਕੁਦਰਤੀ ਰੁਝਾਨ ਬਣ ਰਿਹਾ ਹੈ। ਚੰਗੇ ਭਵਿੱਖ ਦੀ ਤਲਾਸ਼ ਵਿਚ ਲੋਕਾਂ ਦਾ ਪਰਵਾਸ ਆਦਿ-ਕਾਲ ਤੋਂ ਹੀ ਚਲਿਆ ਆ ਰਿਹਾ ਹੈ, ਜਦੋਂ ਰਾਜਨੀਤਕ ਸਰਹੱਦਾਂ ਵੀ ਨਹੀਂ ਹੁੰਦੀਆਂ ਸਨ। ਪਰ ਸਮੇਂ ਦੇ ਨਾਲ ਰਾਜਨੀਤਕ ਸਰਹੱਦਾਂ ਨੇ ਮਾਨਵਤਾ ਨੂੰ ਕਈ ਵਰਗਾਂ ਵਿਚ ਵੰਡ ਦਿੱਤਾ। ਇਹੋ ਜਿਹਾ ਹੀ ਵਰਗ ਭਾਰਤੀ ਅਤੇ ਪੰਜਾਬੀ ਹੋਣਾ ਵੀ ਬਣ ਗਿਆ। ਪਰਵਾਸ ਵਿਚ ਜਾਣਾ ਸਿਰਫ ਇਕ ਵਿਅਕਤੀ ਦੀ ਮਾਨਵੀ ਪਛਾਣ ਦਾ ਹੀ ਮਸਲਾ ਨਹੀਂ ਸਗੋਂ ਪਰਵਾਸ ਕਰਨ ਵਾਲਾ ਆਪਣੇ ਨਾਲ ਆਪਣੀ ਭੂਮੀ, ਰੰਗ, ਨਸਲ ਆਦਿ ਦੀ ਪਛਾਣ ਵੀ ਲੈ ਕੇ ਜਾਂਦਾ ਹੈ। ਜੋ ਪਰਵਾਸ ਪਹਿਲਾਂ ਕਦੀ ਕੁਦਰਤੀ ਵਰਤਾਰਾ ਹੁੰਦਾ ਸੀ ਉਹੀ ਹੁਣ ਰਾਜਨੀਤਕ ਸਰਹੱਦਾਂ ਕਾਰਣ ਬਹੁਤ ਪੇਚੀਦਾ ਵਰਤਾਰਾ ਬਣ ਗਿਆ ਹੈ। ਪਰਵਾਸ ਵਿਚ ਜਾ ਕੇ ਰੁਜ਼ਗਾਰ ਕਰਨਾ ਅਤੇ ਮਾਇਕ ਸੁੱਖ ਸਹੂਲਤਾਂ ਪ੍ਰਾਪਤ ਕਰਨਾ ਇਕ ਗੱਲ ਹੈ ਪਰ ਦੂਜੇ ਸਮਾਜ ਵਿਚ ਜਾ ਕੇ ਵੱਸਣਾ ਅਤੇ ਉਥੋਂ ਦੀ ਸਮਾਜਕ-ਸਭਿਆਚਾਰਕ-ਰਾਜਨੀਤਕ ਵਿਵਸਥਾ ਵਿਚ ਆਪਣੀ ਪਛਾਣ ਬਨਾਉਣਾ ਅਤੇ ਕਾਇਮ ਰੱਖਣਾ ਇਕ ਪੇਚੀਦਾ ਅਮਲ ਬਣ ਜਾਂਦਾ ਹੈ। ਇਸ ਉੱਪਰ ਪਰਵਾਸ ਕਰਨ ਵਾਲੇ ਦਾ ਵਿਅਕਤੀਗਤ ਪ੍ਰਭਾਵ ਤਾਂ ਰਹਿੰਦਾ ਹੀ ਹੈ ਸਗੋਂ ਨਾਲ ਉਸ ਦੀ ਭੂਗੋਲਿਕ, ਸਮਾਜਕ, ਸਭਿਆਚਾਰਕ, ਰਾਜਨੀਤਕ ਆਦਿ ਪਛਾਣ ਵੀ ਨਾਲ ਜੁੜੀ ਰਹਿੰਦੀ ਹੈ ਜਿਸ ਉੱਪਰ ਉਸ ਦਾ ਕੋਈ ਵੱਸ ਨਹੀਂ। ਉਹ ਚਾਹੇ ਜਾਂ ਨਾ ਚਾਹੇ ਉਸ ਦੀ ਇਤਿਹਾਸਕ ਪਛਾਣ ਉਸ ਦੇ ਨਵੇਂ ਪਰਿਵੇਸ਼ ਵਿਚ ਰਚ-ਮਿਚ ਜਾਣ ਉਪਰ ਅਸਰ-ਅੰਦਾਜ਼ ਹੁੰਦੀ ਹੈ। ਇਹ ਅਸਰ ਕੁਝ ਉਸ ਦੇ ਆਪਣੇ ਵਲੋਂ ਰਹਿੰਦਾ ਹੈ ਅਤੇ ਕੁਝ ਉਸ ਪਰਦੇਸ ਦੀ ਸਮਾਜਕ ਵਿਵਸਥਾ ਦਾ ਪੈਂਦਾ ਹੈ ਜੋ ਪਰਵਾਸੀ ਨੂੰ ਉਸ

ਦੇ ਪਿਛੋਕੜ ਤੋਂ ਵੱਖ ਕਰਕੇ ਨਹੀਂ ਵੇਖ ਸਕਦਾ। ਇਹ ਵੱਖਰਾਪਨ ਪਰਵਾਸ ਵਿਚ ਆਪਣਾ ਸਮਾਜਕ ਸਥਾਨ ਬਨਾਉਣ ਅਤੇ ਹਾਸਲ ਕਰਨ ਵਿਚ ਅਹਿਮ ਰੋਲ ਅਦਾ ਕਰਦਾ ਹੈ। ਇਸ ਲਈ ਪਰਵਾਸ ਕਰਨ ਵਾਲੇ ਯੁਵਾ ਵਰਗ ਬਾਰੇ ਇਹ ਸੋਚ ਲੈਣਾ ਕਿ ਉਹ ਪਰਦੇਸ ਵਿਚ ਜਾਂਦਿਆਂ ਹੀ ਉਥੇ ਸੈੱਟ ਹੋ ਜਾਣਗੇ, ਇਹ ਗਲ ਹਰ ਕਿਸੇ ਉੱਪਰ ਲਾਗੂ ਨਹੀਂ ਹੁੰਦੀ। ਚੰਗੀ ਪੜ੍ਹਾਈ ਕਰਕੇ ਗਏ ਯੁਵਾਵਾਂ ਨੂੰ ਵੀ ਉਥੇ ਨਵੇਂ ਸਿਰੇ ਤੋਂ ਉਥੇ ਦੀ ਵਿਦਿਅਕ ਵਿਵਸਥਾ ਮੁਤਾਬਿਕ ਪੜ੍ਹਨਾ ਪੈਂਦਾ ਹੈ। ਹਾਲਾਂਕਿ ਭਾਰਤ ਜਾਂ ਪੰਜਾਬ ਤੋਂ ਸਿਖਿਆ ਲੈ ਕੇ ਵਿਦੇਸ਼ ਵਿਚ ਗਿਆ ਯੁਵਾ ਵਧੇਰੇ ਕਾਬਲ ਹੁੰਦਾ ਹੈ ਪਰ ਕਨੇਡਾ ਵਰਗੇ ਦੇਸ਼ ਸਿਰਫ਼ ਵਿਦਿਅਕ ਖੇਤਰ ਤੋਂ ਹੀ ਦੇਸ਼ ਲਈ ਵੱਡੀ ਆਮਦਨ ਹਾਸਲ ਕਰਦੇ ਹਨ। ਇਥੋਂ ਜੋ ਯੁਵਾ ਪੜ੍ਹਾਈ ਕਰਨ ਲਈ ਵਿਦੇਸ਼ੀ ਕਾਲਜ-ਯੂਨੀਵਰਸਿਟੀਆਂ ਵਿਚ ਦਾਖਲੇ ਲੈਂਦੇ ਹਨ ਉਹ ਛੋਟੇ ਸਮੇਂ ਦੇ ਡਿਪਲੋਮੇ ਲਈ ਵੀ ਮੋਟੀ ਰਕਮ ਅਦਾ ਕਰਦੇ ਹਨ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਪਰਵਾਸ ਕਰਨ ਵਾਲੇ ਯੁਵਾਵਾਂ ਤੋਂ ਫ਼ੀਸਾਂ ਦੇ ਰੂਪ ਵਿਚ ਚੋਖੀ ਆਮਦਨ ਹੁੰਦੀ ਹੈ ਜੋ ਉਨ੍ਹਾਂ ਦੇ ਦੇਸ਼ ਦੀ ਆਰਥਿਕਤਾ ਦਾ ਵੱਡਾ ਹਿੱਸਾ ਬਣਦੀ ਹੈ। ਉਥੇ ਦੀ ਪੜ੍ਹਾਈ ਤੋਂ ਬਾਅਦ ਟਰੇਨਿੰਗ ਹਾਸਲ ਕਰਕੇ ਉਥੇ ਹੀ ਕਮਾਈ ਕਰਕੇ, ਟੈਕਸ ਅਦਾ ਕਰਨ ਨਾਲ ਉਥੋਂ ਦੀ ਆਰਥਿਕਤਾ ਨੂੰ ਮਜ਼ਬੂਤੀ ਮਿਲਦੀ ਹੈ। ਮਿਸਾਲ ਵਜੋਂ ਨਿਮਨ-ਅੰਕਿਤ ਅੰਕੜੇ ਵੇਖੇ ਜਾ ਸਕਦੇ ਹਨ—

> How many students have gone abroad is a debatable figure, Punjab newspapers quote the astonishing figure of 1 lakh students. By the end of 2018, the total strength of Punjabi students in Canada was estimated to be around 170,000. If it's kept in mind that thier yearly expense while studying in Canada is 18-20 lakh rupees, then the total expenditure comes to a very high figure. Newspapers quote the amount to be as high as ? 27,000 – 30,000 crores. (Chander Mohan)

ਇਸ ਪੱਧਰ 'ਤੇ ਪਰਵਾਸ ਦਾ ਸਿਲਸਿਲਾ ਕਨੇਡਾ ਵਰਗੇ ਦੇਸ਼ਾਂ ਲਈ ਬਹੁਤ ਫਾਇਦੇ ਦਾ ਸੌਦਾ ਹੈ ਨਾਲ ਹੀ ਪਰਵਾਸੀਆਂ ਲਈ ਵੀ ਇਹ ਲਾਹੇਵੰਦ ਹੈ। ਇਸ ਪਰਿਪੇਖ ਤੋਂ ਵੇਖਦਿਆਂ ਨੌਜਵਾਨਾਂ ਦਾ ਚੰਗੇ ਭਵਿੱਖ ਦੀ ਤਲਾਸ਼ ਲਈ ਪਰਵਾਸ ਕਰਨਾ ਜਾਇਜ਼ ਜਾਪਦਾ ਹੈ। ਪੜ੍ਹਾਈ ਲਿਖਾਈ ਤੋਂ ਬਾਅਦ ਵਿਦੇਸ਼ੀ ਧਰਤੀ ਉਪਰ ਰੋਜ਼ਗਾਰ ਹਾਸਲ ਕਰਨ ਤੋਂ ਅਗਲੇਰੀ ਸਥਿਤੀ ਉਥੇ ਵਸਣ ਦੀ ਹੈ। ਇਹ ਇਕ ਵੱਖਰਾ ਅਮਲ ਹੈ ਜਿਸ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ।

ਇਸ ਵਿਸ਼ੇ ਦਾ ਦੂਜਾ ਪੱਖ ਯੁਵਾ ਪਰਵਾਸ ਕਾਰਣ ਪੰਜਾਬ ਦੀ ਸਮਾਜਕ ਸਪੇਸ ਵਿਚ ਪੈਦਾ ਹੋ ਰਹੀ ਜਨਸੰਖਿਆ (Demography) ਤਬਦੀਲੀ ਦਾ ਹੈ। ਪੰਜਾਬ ਦੇ ਇਤਿਹਾਸ ਵਿਚ ਪਹਿਲਾਂ ਅਜਿਹਾ ਕਦੀ ਵੀ ਨਹੀਂ ਹੋਇਆ ਸੀ ਕਿ ਇੰਨੀ ਵੱਡੀ ਗਿਣਤੀ ਵਿਚ ਯੁਵਾ ਪਰਵਾਸ ਕਰ ਰਹੇ ਹੋਣ। ਪਹਿਲਾਂ ਬਹੁਤ ਘਟ ਗਿਣਤੀ ਵਿਚ ਹੀ ਲੋਕੀਂ ਸਿਰਫ਼ ਮਿਹਨਤ-ਮਜ਼ੂਰੀ ਵਾਲਾ ਕੰਮ ਕਰਨ ਦੇ ਉਦੇਸ਼ ਨਾਲ ਪਰਵਾਸ ਵਿਚ ਜਾਂਦੇ ਸਨ ਤੇ ਆਪਣੀ ਕਮਾਈ ਦਾ ਵੱਡਾ ਹਿੱਸਾ ਵਾਪਸ ਪੰਜਾਬ ਵਿਚ ਆਪਣੇ ਪਰਿਵਾਰ ਲਈ ਭੇਜਦੇ ਸਨ। ਉਨ੍ਹਾਂ ਪੈਸਿਆਂ ਦੀ ਵਰਤੋਂ ਘਰਾਂ ਨੂੰ ਪੱਕਿਆਂ ਕਰਨ ਅਤੇ ਰੋਜ਼ੀ-ਰੋਟੀ ਲਈ ਹੁੰਦੀ ਸੀ ਪਰ ਹੌਲੀ-ਹੌਲੀ ਘਰਾਂ ਨੂੰ ਸਿਰਫ਼ ਪੱਕਿਆਂ ਕਰਨਾ ਹੀ ਕਾਫ਼ੀ ਨਹੀਂ ਰਿਹਾ ਸਗੋਂ ਆਲੀਸ਼ਾਨ ਵੱਡੇ ਬੰਗਲੇ ਬਨਾਉਣ ਦਾ ਰੁਝਾਨ ਸ਼ੁਰੂ ਹੋ ਗਿਆ। ਉਸ ਵੇਲੇ ਵੀ ਪਰਵਾਸ ਕਰਕੇ ਗਏ ਲੋਕਾਂ ਦੇ ਮਨਾਂ ਅੰਦਰ ਵਾਪਸ ਪੰਜਾਬ ਆਉਣ ਦਾ ਵਿਚਾਰ ਹੁੰਦਾ ਸੀ ਜਾਂ ਫਿਰ ਪਰਿਵਾਰ ਨੂੰ ਇਕ ਅਮੀਰ ਜੀਵਨ-ਸਹੂਲਤਾਂ ਪ੍ਰਦਾਨ ਕਰਨਾ ਵੀ ਹੁੰਦਾ ਸੀ। ਸਮੇਂ ਦੇ ਨਾਲ ਇਸ ਪੈਸੇ ਦੀ ਆਮਦ ਅਤੇ ਦਿੱਖ ਨੇ ਪੰਜਾਬ ਵਿਚ 'ਪਰਵਾਸੀ' ਨੂੰ ਇਕ ਵਿਸ਼ੇਸ਼ ਵਰਗ ਦਾ ਦਰਜਾ ਦੇ ਦਿੱਤਾ ਜਿਸ ਨੇ ਪੰਜਾਬੀਆਂ ਵਿਚ ਇਕ ਨਵੀਂ ਜੀਵਨ-ਸ਼ੈਲੀ ਅਤੇ ਚਮਕ-ਦਮਕ ਨੂੰ ਹਾਸਲ ਕਰਨ ਦੀ ਹੋੜ ਪੈਦਾ ਕਰ ਦਿੱਤੀ। ਪੰਜਾਬ ਦੇ ਦਿਹਾਤੀ ਇਲਾਕਿਆਂ ਵਿਚ ਸਧਾਰਨ ਜਿਹਾ ਜੀਵਨ ਜੀਉਣ ਵਾਲੇ ਲੋਕਾਂ ਵਿਚ ਇਸ ਚਮਕ-ਦਮਕ ਦਾ ਡੂੰਘਾ ਪ੍ਰਭਾਵ ਪਿਆ। ਹਰ ਦੂਸਰੇ ਘਰ ਵਿਚ ਲੋਕਾਂ ਨੇ ਆਪਣੇ ਬੱਚਿਆਂ ਲਈ ਬਾਹਰ ਜਾਣ ਦਾ ਸੁਪਨਾ ਸਿਰਜਣਾ ਸ਼ੁਰੂ ਕਰ ਦਿੱਤਾ। ਇਹ ਸਿਲਸਿਲਾ ਤੇਜ਼ ਹੁੰਦਾ ਗਿਆ ਅਤੇ ਪੰਜਾਬੀਆਂ ਨੇ ਹਰ ਸਿੱਧੇ ਜਾਂ ਅਸਿੱਧੇ ਤਰੀਕੇ ਅਪਣਾ ਕੇ ਬਾਹਰ ਜਾਣ ਦਾ ਰਾਹ ਲੱਭ ਲਿਆ। ਇਸ ਸੰਦਰਭ ਵਿਚ ਜੋ ਅਸਿੱਧੇ ਤਰੀਕੇ ਅਪਣਾਏ ਜਾ ਰਹੇ ਸਨ ਉਸ ਨੇ ਪੰਜਾਬ ਦੇ ਪਰਿਵਾਰਕ ਅਤੇ ਸਮਾਜਕ ਰਿਸ਼ਤਿਆਂ ਦੀ ਤਾਣੀ ਨੂੰ ਵੀ ਉਲਝਾ ਦਿੱਤਾ। ਲੋਕਾਂ ਨੇ ਬੇਮੇਲ ਦੇ ਵਿਆਹ ਦੇ ਰਿਸ਼ਤੇ ਤਾਂ ਕੀਤੇ ਹੀ ਸਗੋਂ ਖ਼ੂਨ ਦੇ ਰਿਸ਼ਤਿਆਂ ਵਿਚ ਵੀ ਵਿਆਹ ਕਰਵਾ ਕੇ ਬੱਚਿਆਂ

ਨੂੰ ਬਾਹਰ ਭੇਜਣ ਦਾ ਰਾਹ ਤਲਾਸ਼ ਲਿਆ। ਇਥੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਰਿਸ਼ਤਿਆਂ ਦੀ ਗੱਲ ਕੀਤੀ ਜਾ ਸਕਦੀ ਹੈ ਜਿਥੇ ਭੈਣ-ਭਰਾ ਦਾ ਵੀ ਵਿਆਹ ਕਰਵਾ ਦਿੱਤਾ ਗਿਆ ਅਤੇ ਹੋਰ ਵੀ ਅਜਿਹੇ ਰਿਸ਼ਤੇ ਖਰਾਬ ਕੀਤੇ ਗਏ। ਇਸ ਦਾ ਸਭ ਤੋਂ ਮਾੜਾ ਪ੍ਰਭਾਵ ਪੰਜਾਬੀ ਔਰਤ ਦੀ ਸਮਾਜਕ ਅਤੇ ਮਾਨਸਿਕ ਸਥਿਤੀ ਉੱਪਰ ਪਿਆ। ਪਰਿਵਾਰ ਵਿਚ ਲੜਕੀ ਨੂੰ ਬਾਹਰ ਜਾਣ ਦਾ ਇਕ ਸਾਧਨ ਮੰਨਿਆ ਜਾਣ ਲੱਗਿਆ ਅਤੇ ਉਸ ਦੀ ਬਲੀ ਦਿੱਤੀ ਜਾਣ ਲੱਗੀ, ਕਿਉਂਕਿ ਉਸ ਦਾ ਰੋਲ ਸਿਰਫ਼ ਇਹ ਸੀ ਕਿ ਉਹ ਵਿਦੇਸ਼ ਵਿਚ ਜਾ ਕੇ ਆਪਣੇ ਪਰਿਵਾਰ ਨੂੰ ਬਾਹਰ ਬੁਲਾ ਸਕੇਗੀ। ਪੰਜਾਬ ਤੋਂ ਪਰਵਾਸ ਦਾ ਉਹ ਦੌਰ ਪੰਜਾਬ ਦੇ ਪਰਵਾਸੀ ਇਤਿਹਾਸ ਦਾ ਇਕ ਸਿਆਹ ਦੌਰ ਮੰਨਿਆ ਜਾ ਸਕਦਾ ਹੈ। ਬਾਹਰਲੇ ਮੁਲਕਾਂ ਵਿਚ ਪੜਾਈ ਕਰਨ ਅਤੇ ਉਸ ਤੋਂ ਬਾਅਦ ਉਥੇ ਕੰਮ ਕਰਨ ਸਬੰਧਿਤ ਨੀਤੀਆਂ ਨੇ ਅਜਿਹੀ ਕੁਰੀਤੀ ਉੱਪਰ ਕਾਫੀ ਹੱਦ ਤਕ ਕਾਬੂ ਕੀਤਾ ਹੈ। ਹੁਣ ਲੜਕਾ ਜਾਂ ਲੜਕੀ ਦੋਵਾਂ ਨੂੰ ਸਮਾਨ ਰੂਪ ਵਿਚ ਵਿਦੇਸ਼ ਵਿਚ ਪੜਾਈ ਦੇ ਬਹਾਨੇ ਜਾ ਕੇ ਉਥੋਂ ਦੀ ਪੀ. ਆਰ. ਲੈਣ ਦਾ ਮੌਕਾ ਪ੍ਰਾਪਤ ਹੋ ਗਿਆ ਹੈ। ਇਸ ਸਹੂਲਤ ਨੇ ਪੰਜਾਬ ਦੀ ਨੌਜਵਾਨ ਪੀੜੀ ਲਈ ਪਰਵਾਸ ਦਾ ਰਾਹ ਸੁਖਾਲਾ ਕਰ ਦਿਤਾ ਜੋ ਕਿ ਕਿਸੇ ਵੇਲੇ ਇਕ ਸੁਪਨਾ ਹੀ ਹੁੰਦਾ ਸੀ।

ਇਹ ਗੱਲ ਬਿਲਕੁਲ ਠੀਕ ਹੈ ਕਿ ਪੰਜਾਬ ਜਾਂ ਦੇਸ਼ ਦਾ ਵਰਤਮਾਨ ਸਿਸਟਮ ਬਹੁਤਾ ਕੁਝ ਨਹੀਂ ਦੇ ਪਾ ਰਿਹਾ। ਸਾਡੇ ਇਸ ਸਿਸਟਮ ਵਿਚ ਸਾਨੂੰ ਨੌਕਰੀਆਂ ਨਹੀਂ ਮਿਲ ਰਹੀਆਂ। ਇਹ ਬਹੁਤ ਵੱਡਾ ਕਾਰਣ ਹੈ ਕਿ ਸਾਨੂੰ ਸਿਸਟਮ ਉਸ ਸਕਿੱਲ ਅਨੁਸਾਰ ਜੋਬ ਨਹੀਂ ਦੇ ਪਾ ਰਿਹਾ। ਯੂਨੀਵਰਸਿਟੀਆਂ ਦੇ ਵਿਚ ਗਿਆਨ ਦਿੱਤਾ ਜਾਂਦਾ ਹੈ, ਸਕਿੱਲ ਨਹੀਂ। ਸਾਨੂੰ ਇਸੇ ਗੱਲ ਬਾਰੇ ਬਹੁਤ ਵੱਡੀ ਉਲਝਣ ਰਹਿੰਦੀ ਹੈ। ਸਕਿੱਲ ਹਾਸਲ ਕਰਨ ਲਈ ਸਕੂਲ ਤੋਂ ਬਾਅਦ ਵੱਖਰੀਆਂ ਸੰਸਥਾਵਾਂ ਹੁੰਦੀਆਂ ਹਨ। ਜਿਹੜਾ ਸਕਿੱਲ ਹੈ ਉਹ ਜਾਣਕਾਰੀ ਦੇ ਨਾਲ ਇਕੱਤਰ ਹੋ ਜਾਂਦਾ ਹੈ। ਜੋ ਤੁਸੀਂ ਜੋਬ ਲਈ, ਆਪਣੇ ਕੰਮ ਲਈ ਕਰ ਸਕਦੇ ਹੋ। ਹੁਣ ਪੜ੍ਹਨ ਵਾਲੇ ਸਾਰੇ ਹੀ ਜ਼ਰੂਰੀ ਨਹੀਂ ਹੈ ਕਿ ਜੋਬ ਲਈ ਪੜ੍ਹਦੇ ਹੋਣ, ਕੋਈ ਦੁਕਾਨਦਾਰ ਹੈ, ਕਈ ਆਪਣੇ ਕਾਰਰੋਬਾਰ ਦੇ ਲੋਕ ਹੁੰਦੇ ਹਨ, ਉਹਨਾਂ ਨੂੰ ਆਪਣੇ ਗਿਆਨ ਵਿਚ ਵਾਧਾ ਕਰਨ ਦੀ ਚਾਹਤ ਵੀ ਹੁੰਦੀ ਹੈ ਤੇ ਆਪਣੇ ਸ਼ੌਂਕ ਅਨੁਸਾਰ Ph.D. ਵੀ ਕਰਦੇ ਹਨ। ਜਿਨ੍ਹਾਂ ਨੂੰ ਜੋਬ ਲਈ ਸਕਿੱਲ ਚਾਹੀਦਾ ਹੈ, ਉਹ ਲੋਕ ਪਰਵਾਸ ਕਰ ਰਹੇ ਹਨ ਕਿਉਂਕਿ ਸਭ ਤੋਂ ਵੱਡੀ ਲੋੜ ਤਾਂ ਉਨ੍ਹਾਂ ਨੂੰ ਜੋਬ ਦੀ ਹੈ, ਸਿਰਫ ਸਕਿੱਲ ਦੀ ਨਹੀਂ। ਉਥੇ ਉਨ੍ਹਾਂ ਨੂੰ ਨੌਕਰੀਆਂ ਦੇ ਚੰਗੇ ਮੌਕੇ ਮਿਲ ਰਹੇ ਹਨ। ਇਹ ਮੌਕਾ ਅੱਜ ਕਨੇਡਾ ਵਿਚ ਹੈ, ਆਸਟ੍ਰੇਲੀਆ ਵਿਚ ਹੈ, ਹੋ ਸਕਦਾ ਹੈ ਕੱਲ੍ਹ ਨੂੰ ਹੋਰ ਥਾਵਾਂ 'ਤੇ ਵੀ ਹੋ ਜਾਵੇ। ਜਿੱਥੇ-ਜਿੱਥੇ ਦੇ ਦੇਸ਼ਾਂ ਨੂੰ ਮਨੁੱਖੀ ਸਾਧਨਾਂ ਦੀ ਜ਼ਰੂਰਤ ਪਏਗੀ ਉਹ ਦੇਸ਼ ਖੁੱਲਦੇ ਜਾਣਗੇ। ਉਹਨਾਂ ਨੂੰ ਇਨਸਾਨ ਚਾਹੀਦੇ ਹਨ, ਕੰਮ-ਧੰਦੇ ਅਤੇ ਮਜ਼ਦੂਰੀ ਕਰਨ ਵਾਲੇ। ਇਸ ਲਈ ਉਹਨਾਂ ਨੂੰ ਫਾਇਦਾ ਹੀ ਫਾਇਦਾ ਹੈ ਪਰਵਾਸੀਆਂ ਨੂੰ ਇਸ ਕਰਕੇ ਫਾਇਦਾ ਹੈ ਕਿ ਉਹ ਉਸ ਜ਼ਮੀਨ ਦੇ ਉੱਤੇ ਆਪਣੇ ਸੁਪਨੇ ਪੂਰੇ ਕਰ ਸਕਦੇ ਹਨ। ਇਸ ਸੰਦਰਭ ਤੋਂ ਯੁਵਾਵਾਂ ਦਾ ਪਰਵਾਸ ਰੋਕਿਆ ਨਹੀਂ ਜਾ ਸਕਦਾ ਅਤੇ ਨਾ ਹੀ ਰੋਕਣਾ ਚਾਹੀਦਾ ਹੈ ਕਿਉਂਕਿ ਹਾਲ ਦੀ ਘੜੀ ਪੰਜਾਬ ਆਪਣੇ ਯੁਵਾਵਾਂ ਨੂੰ ਉਨ੍ਹਾਂ ਦੇ ਸੁਪਨੇ ਪੁਰੇ ਕਰਨ ਯੋਗ ਨੌਕਰੀਆਂ ਦੇ ਬਿਹਤਰ ਮੌਕੇ ਨਹੀਂ ਦੇ ਰਿਹਾ। ਇਥੇ ਬੇਸ਼ੱਕ ਵੱਡੇ-ਵੱਡੇ ਮੈਡੀਕਲ ਅਤੇ ਇੰਜੀਨਿਅਰਿੰਗ ਕਾਲਜ ਹਨ ਅਤੇ ਉਨ੍ਹਾਂ ਵਿਚ ਬੱਚੇ ਐਮ ਬੀ ਬੀ ਐਸ, ਬੀ.ਟੈਕ./ਐਮ.ਟੈਕ. ਆਦਿ ਕੋਰਸ ਕਰਦੇ ਹਨ ਪਰ ਹੁਣ ਤਾਂ ਨੌਕਰੀਆਂ ਨਾ ਹੋਣ ਕਾਰਣ ਉਹ ਵੀ ਖਾਲੀ ਰਹਿੰਦੇ ਹਨ। ਜਿੰਨੀ ਫ਼ੀਸ ਇਨ੍ਹਾਂ ਵਿਚ ਕੋਰਸ ਕਰਨ ਦੀ ਹੁੰਦੀ ਹੈ ਉਨ੍ਹਾਂ ਪੈਸਿਆਂ ਵਿਚ ਵਿਦੇਸ਼ ਵਿਚ ਜਾ ਕੇ ਕੋਰਸ ਕੀਤਾ ਜਾ ਸਕਦਾ ਹੈ ਅਤੇ ਨੌਕਰੀ ਵੀ ਮਿਲ ਜਾਂਦੀ ਹੈ। ਆਉਣ ਵਾਲਾ ਸਮਾਂ ਪੰਜਾਬ ਲਈ ਥੋੜਾ ਜਿਹਾ ਸੰਕਟ ਭਰਿਆ ਇਸ ਕਰਕੇ ਵੀ ਹੋਣ ਵਾਲਾ ਹੈ ਕਿ ਜੋ ਹੋਣਹਾਰ ਪੰਜਾਬੀ ਯੁਵਾ ਹੈ ਉਹ ਪੰਜਾਬ ਨੂੰ ਹਮੇਸ਼ਾ ਲਈ ਸਮਝ ਲਉ ਅਲਵਿਦਾ ਕਹਿ ਕੇ ਜਾ ਰਿਹਾ ਹੈ। ਅਲਵਿਦਾ ਇਸ ਕਰਕੇ ਕਿਉਂਕਿ ਉਹ ਆਪਣੀ ਜ਼ਮੀਨ ਵੀ ਵੇਚ ਰਿਹਾ ਹੈ, ਆਪਣੇ ਮਾਪਿਆਂ ਨੂੰ ਵੀ ਨਾਲ ਲੈ ਜਾ ਰਿਹਾ ਹੈ। ਉਸ ਦੇ ਲਈ ਇਥੋਂ ਦੇ ਪੰਜਾਬ ਦੀ ਭੂਮੀਂ ਅਤੇ ਸਮਾਜਕਤਾ ਭਾਵੁਕਤਾ ਵਿਚ ਹੀ ਰਹਿ ਜਾਣ ਵਾਲੀ ਹੈ।

ਯੁਵਾ ਪਰਵਾਸ ਦੇ ਵਰਤਮਾਨ ਅਮਲ ਨੇ ਪੰਜਾਬ ਅਤੇ ਪੰਜਾਬੀਆਂ ਦੀ ਆਰਥਕਤਾ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਪਹਿਲਾਂ ਪਰਵਾਸੀ ਆਪਣੀ ਆਮਦਨ ਦਾ ਵੱਡਾ ਹਿੱਸਾ ਪੰਜਾਬ ਭੇਜਦਾ ਸੀ ਪਰ ਹੁਣ ਤਾਂ ਇਥੋਂ ਦੇ ਆਪਣੇ ਸਾਰੇ ਆਰਥਕ ਸਾਧਨਾਂ ਨੂੰ ਵੇਚ-ਵੱਟ ਕੇ ਬਾਹਰ ਭੇਜ ਰਿਹਾ ਹੈ। ਇਕ ਯੁਵਾ ਨੂੰ ਪੜਾਈ ਦੇ ਅਧਾਰ 'ਤੇ ਬਾਹਰ ਭੇਜਣ ਲਈ ਪੰਜਾਬੀ ਔਸਤਨ 15 ਤੋਂ 20 ਲੱਖ ਰੁਪਏ ਖਰਚ ਕਰ ਰਹੇ ਹਨ। ਉਸ ਤੋਂ ਬਾਅਦ ਇਹ ਪੈਸਾ ਵਾਪਸ ਪੰਜਾਬ ਨਹੀਂ ਆਉਂਦਾ ਸਗੋਂ ਉਨ੍ਹਾਂ ਦੇ ਪਰਿਵਾਰ ਆਪ ਹੀ ਬਾਹਰ ਜਾਣ ਲਈ ਆਪਣੇ ਬਾਕੀ ਦੇ ਮਾਲੀ ਸਾਧਨਾਂ ਨੂੰ ਖੁਰਦ-ਪੁਰਦ ਕਰਕੇ ਪਰਵਾਸ ਕਰਨ ਦੀ ਤਿਆਰੀ ਕਰਨ ਲਗਦੇ ਹਨ।

ਇਸ ਤਰ੍ਹਾਂ ਪੰਜਾਬ ਵਿਚੋਂ ਨਾ ਸਿਰਫ ਯੁਵਾ ਪੀੜ੍ਹੀ ਘਟ ਰਹੀ ਹੈ ਸਗੋਂ ਉਨ੍ਹਾਂ ਦੇ ਨਾਲ ਉਹ ਪੰਜਾਬੀ ਪਰਿਵਾਰ ਵੀ ਘਟ ਰਹੇ ਹਨ ਜਿਨ੍ਹਾਂ ਦੁਆਲੇ ਪੰਜਾਬ ਦੀ ਸਮਾਜਕ-ਸਭਿਆਚਾਰਕ ਵਿਵਸਥਾ ਚੱਲ ਰਹੀ ਹੈ। ਪੰਜਾਬ ਜਾਂ ਪੰਜਾਬੀਅਤ ਦਾ ਤਸੱਵਰ ਇਥੋਂ ਦੀ ਜ਼ਮੀਨ ਵਿਚੋਂ ਪੈਦਾ ਹੋਏ ਲੋਕਾਂ ਤੋਂ ਬਿਨਾਂ ਕਿਵੇਂ ਕੀਤਾ ਜਾ ਸਕਦਾ ਹੈ? ਪਰਵਾਸ ਕਰਨ ਦੀ ਦੌੜ ਇੰਨੀ ਤੇਜ਼ ਹੋ ਚੁੱਕੀ ਹੈ ਕਿ ਇਥੇ ਰਹਿ ਰਹੇ ਲੋਕ ਵੀ ਮਾਨਸਿਕ ਤੌਰ ‘ਤੇ ਆਪਣੇ ਆਲੇ-ਦੁਆਲੇ ਅਰਥਾਤ ਪੰਜਾਬ ਅਤੇ ਪੰਜਾਬੀਅਤ ਤੋਂ ਟੁੱਟ ਰਹੇ ਹਨ। ਇਸ ਦਾ ਭਾਵ ਇਹ ਹੈ ਕਿ ਪੰਜਾਬ ਵਿਚ ਰਹਿੰਦੇ ਹੋਏ ਵੀ ਉਹ ਪੰਜਾਬ ਦੀ ਸਮਾਜਕ-ਸਭਿਆਚਾਰਕ ਅਤੇ ਆਰਥਕ ਵਿਵਸਥਾ ਵਿਚ ਕੋਈ ਯੋਗਦਾਨ ਪਾਉਣ ਤੋਂ ਸੰਕੋਚ ਕਰ ਰਹੇ ਹਨ। ਪਰਵਾਸ ਕਰਨ ਦੀ ਖਵਾਹਿਸ਼ ਨੇ ਅਤੇ ਵਿਦੇਸ਼ ਦੀ ਕਾਲਪਨਿਕ ਚਕਾਚੌਂਧ ਨੇ ਉਨ੍ਹਾਂ ਅੰਦਰ ਪੰਜਾਬ ਅਤੇ ਦੇਸ਼ ਬਾਰੇ ਇਕ ਰੋਹ ਅਤੇ ਅਸੰਤੋਖ ਪੈਦਾ ਕਰ ਦਿੱਤਾ ਹੈ। ਪੰਜਾਬ ਅਤੇ ਭਾਰਤ ਵਿਚ ਹੋਣ ਵਾਲੀ ਹਰ ਰਾਜਨੀਤਕ-ਆਰਥਕ ਜਾਂ ਸਮਾਜਕ ਗਤੀਵਿਧੀ ਨੂੰ ਹੁਣ ਸਿਰਫ਼ ਆਲੋਚਨਾਤਮਕ ਦ੍ਰਿਸ਼ਟੀ ਨਾਲ ਹੀ ਦੇਖਣਾ ਸ਼ੁਰੂ ਕਰ ਦਿੱਤਾ ਹੈ। ਬਾਹਰ ਜਾਣ ਲਈ ਆਪਣੇ ਸੁਪਨੇ ਅਤੇ ਉਸ ਲਈ ਦਲੀਲਾਂ ਨੂੰ ਭਾਰੀ ਕਰਨ ਲਈ ਪੰਜਾਬ ਅਤੇ ਭਾਰਤ ਤੋਂ ਉਨ੍ਹਾਂ ਨੇ ਇਕ ਕਿਸਮ ਦੀ ਨਫ਼ਰਤ ਪਾਲਣੀ ਸ਼ੁਰੂ ਕਰ ਦਿੱਤੀ ਹੈ। ਇਸ ਪ੍ਰਕਿਰਿਆ ਵਿਚ ਪਰਵਾਸੀ ਪੰਜਾਬੀ ਸਮਾਜ ਨੇ ਵੀ ਕੋਈ ਉਸਾਰੂ ਭੂਮਿਕਾ ਅਦਾ ਨਹੀਂ ਕੀਤੀ। ਪੰਜਾਬ ਤੋਂ ਆਪਣਾ ਸਮਾਜਕ-ਆਰਥਕ ਅਤੇ ਜ਼ਮੀਨੀ ਰਿਸ਼ਤਾ ਤੋੜਨ ਤੋਂ ਬਾਅਦ ਸਿਰਫ਼ ਭਾਵੁਕ ਰਿਸ਼ਤਾ ਰੱਖ ਕੇ ਪੰਜਾਬ ਦੀ ਭਲਾਈ ਬਾਰੇ ਨਹੀਂ ਸੋਚਿਆ ਜਾ ਸਕਦਾ। ਪੰਜਾਬ ਦੀ ਭਲਾਈ ਜ਼ਮੀਨੀ ਪੱਧਰ ‘ਤੇ ਇਥੇ ਵੱਸਦੇ ਲੋਕਾਂ ਨੇ ਹੀ ਨਜਿੱਠਣੀ ਹੈ। ਬਾਹਰ ਬਹਿ ਕੇ ਸਲਾਹ ਦੇਣਾ ਜ਼ਰੂਰ ਵਾਜਬ ਹੈ ਪਰ ਜਿਸ ਜ਼ਮੀਨ ਨੂੰ ਕੁਝ ਨਵੇਂ ਪਰਵਾਸੀ ਨਫ਼ਰਤ ਕਰਕੇ ਛੱਡ ਗਏ ਹਨ ਉਨ੍ਹਾਂ ਦਾ ਪੰਜਾਬ ਵਿਚ ਬਿਨ੍ਹਾਂ ਰਹੇ, ਦਖ਼ਲ ਦੇਣਾ ਪੰਜਾਬ ਦਾ ਕੋਈ ਭਲਾ ਨਹੀਂ ਕਰ ਸਕਦਾ। ਸਮਾਜਕ ਵਿਵਸਥਾ ਜ਼ਮੀਨ ਉੱਪਰ ਰਹਿਣ ਵਾਲੇ ਵਸਨੀਕਾਂ ਨੇ ਹੀ ਬਣਾਉਣੀ ਅਤੇ ਬਦਲਣੀ ਹੁੰਦੀ ਹੈ ਜਿਸ ਤਰ੍ਹਾਂ ਕਿ ਪਰਵਾਸ ਵਿਚ ਵੱਸਣ ਵਾਲੇ ਪਰਵਾਸੀ ਪੰਜਾਬੀ ਵਿਦੇਸ਼ ਵਿਚ ਆਪਣੀ ਸਮਾਜਕ ਸਪੇਸ ਬਣਾਉਣ ਦੀ ਜੱਦੋ-ਜਹਿਦ ਕਰਦੇ ਹਨ। ਵਿਦੇਸ਼ ਵਿਚ ਵੱਸਣ ਵਾਲੇ ਪਰਵਾਸੀ ਲੋਕਾਂ ਨੂੰ ਕੋਈ ਇਥੋਂ ਦਾ ਪੰਜਾਬੀ ਭਾਵੇਂ ਜਿਹੋ ਜਿਹੀ ਮਰਜ਼ੀ ਸਲਾਹ ਦਿੰਦਾ ਰਹੇ ਪਰ ਹਕੀਕਤ ਵਿਚ ਇਹ ਮਸਲਾ ਉਨ੍ਹਾਂ ਪਰਵਾਸੀਆਂ ਨੇ ਹੀ ਨਜਿੱਠਣਾ ਹੁੰਦਾ ਹੈ ਜੋ ਪਰਵਾਸ ਨੂੰ ਭੋਗ ਰਹੇ ਹਨ ਅਤੇ ਉਸ ਸਮਾਜਕ-ਸਭਿਆਚਾਦਰ ਵਿਵਸਥਾ ਦਾ ਅਨੁਭਵ ਕਰ ਰਹੇ ਹਨ। ਇਹੋ ਸਥਿਤੀ ਪੰਜਾਬ ਵਿਚ ਵਸਦੇ ਲੋਕਾਂ ਦੇ ਸਬੰਧ ਵਿਚ ਵੀ ਲਾਗੂ ਹੁੰਦੀ ਹੈ। ਪੰਜਾਬ ਵਿਚ ਵਸਦੇ ਲੋਕਾਂ ਨੂੰ ਉਨ੍ਹਾਂ ਦੇ ਰੋਜ਼ਮੱਰਾ ਦੇ ਸਮਾਜਕ-ਰਾਜਨੀਤਕ-ਆਰਥਿਕ ਹਾਲਾਤ ਉਪਰ ਬਿਨਾਂ ਜ਼ਮੀਨੀ ਹਾਲਾਤ ਜਾਣਦਿਆਂ, ਸਿਰਫ਼ ਵਿਚਾਰਧਾਰਕ ਟਿੱਪਣੀਆਂ ਕਰਨੀਆਂ ਅਤੇ ਦਖ਼ਲ-ਅੰਦਾਜ਼ੀ ਕਰਨੀ ਇਕ ਤਰ੍ਹਾਂ ਦੇ ਅਵਿਵਸਥਾ ਅਤੇ ਸਮਾਜਕ-ਰਾਜਨੀਤਕ ਤਨਾਓ ਨੂੰ ਹੀ ਪੈਦਾ ਕਰਦਾ ਹੈ। ਇਨ੍ਹਾਂ ਦਾ ਪ੍ਰਭਾਵ ਪੰਜਾਬ ਵਿਚ ਚਲ ਰਹੀਆਂ ਰਾਜਨੀਤਕ ਲਹਿਰਾਂ ਉਪਰ ਵੇਖਿਆ ਜਾ ਸਕਦਾ ਹੈ। ਪੰਜਾਬ ਵਿਚ ਰਾਜਨੀਤਕ ਅਸਪਸ਼ਟਤਾ ਦਾ ਅਜਿਹਾ ਦੌਰ ਕਦੀ ਵੀ ਨਹੀਂ ਰਿਹਾ ਸੀ ਜਦੋਂ ਕਿ ਪੰਜਾਬ ਅੰਦਰ ਪੰਜਾਬ ਦੇ ਰਾਜਨੀਤਕ ਮਸਲਿਆਂ ਉੱਪਰ ਵਿਚਾਰ ਕਰਨ ਅਤੇ ਫ਼ੈਸਲਾ ਲੈਣ ਵਾਲਾ ਰਵਾਇਤੀ ਸਿਲਸਿਲਾ ਬੇਅਸਰ ਹੋ ਗਿਆ। ਇਸ ਨੇ ਆਉਣ ਵਾਲੇ ਸਮੇਂ ਵਿਚ ਪੰਜਾਬ ਅੰਦਰ ਤਨਾਓ ਅਤੇ ਸੰਘਰਸ਼ ਦੇ ਵਾਤਾਵਰਣ ਨੂੰ ਹੋਰ ਖਰਾਬ ਹੀ ਕਰਨਾ ਹੈ। ਪ੍ਰਸਤੁਤ ਖੋਜ ਪਰਚੇ ਵਿਚ ਇਸ ਦਾ ਜ਼ਿਕਰ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਪੰਜਾਬ ਵਿਚ ਪਹਿਲੀ ਵਾਰ ਪਰਵਾਸੀ ਪੰਜਾਬੀਆਂ ਦੀ ਰਾਜਨੀਤਕ ਦਿਲਚਸਪੀ ਨੂੰ ਸਪਸ਼ਟਤਾ ਨਾਲ ਵੇਖਿਆ ਜਾ ਸਕਦਾ ਹੈ। ਇਸ ਦਿਲਸਚਪੀ ਅਤੇ ਦਖ਼ਲ-ਅੰਦਾਜ਼ੀ ਦਾ ਦੂਰਗਾਮੀ ਰਾਜਨੀਤਕ ਪ੍ਰਭਾਵ ਵੀ ਪੈਂਦੇ ਹਨ। ਮਿਸਾਲ ਵਜੋਂ ਭਾਰਤ ਇਕ ਰਾਸ਼ਟਰ ਵਜੋਂ ਕਿਸੇ ਵੀ ਦੂਜੇ ਦੇਸ਼ ਜਾਂ ਉਥੋਂ ਦੇ ਨਾਗਰਿਕਾਂ ਵਲੋਂ ਇਥੋਂ ਦੇ ਲੋਕਰਾਜੀ ਅਤੇ ਰਾਜਨੀਤਕ ਸਿਲਸਿਲੇ ਵਿਚ ਦਖਲ-ਅੰਦਾਜ਼ੀ ਨੂੰ ਪ੍ਰਵਾਨ ਨਹੀਂ ਕਰਦਾ। ਪਰਵਾਸ ਕਰ ਗਏ ਉਹ ਪੰਜਾਬੀ ਜੋ ਦੂਜੇ ਦੇਸ਼ ਦੀ ਨਾਗਰਿਕਤਾ ਲੈ ਕੇ ਉਥੋਂ ਦੇ ਰਾਸ਼ਟਰ ਪ੍ਰਤੀ ਵਫ਼ਾਦਾਰੀ ਨਿਭਾਉਣ ਦਾ ਵਚਨ ਲੈ ਚੁੱਕੇ ਹਨ ਤਾਂ ਭਾਰਤ ਦੀ ਸਰਕਾਰੀ ਵਿਵਸਥਾ ਉਨ੍ਹਾਂ ਨੂੰ ਰਾਜਨੀਤਕ ਤੌਰ ‘ਤੇ ਗ਼ੈਰ-ਭਾਰਤੀ ਹੀ ਮੰਨਦੀ ਹੈ। ਨਿਰਸੰਦੇਹ ਉਹ ਸਮਾਜਕ-ਸਭਿਆਚਾਰਕ ਤੌਰ ’ਤੇ ਪੰਜਾਬੀ ਜਾਂ ਭਾਰਤੀ ਹੀ ਰਹਿਣਗੇ। ਇਸ ਪ੍ਰਕਿਰਿਆ ਨੂੰ ਪਰਵਾਸੀ ਪੰਜਾਬੀ ਚੰਗੀ ਤਰ੍ਹਾਂ ਸਮਝ ਸਕਦਾ ਹੈ ਕਿਉਂਕਿ ਉਹ ਵਿਦੇਸ਼ ਵਿਚ ਰਹਿ ਕੇ ਉਥੋਂ ਦੀ ਸਮਾਜਕਤਾ ਹਾਸਲ ਕਰਨ ਦੀ ਕੋਸ਼ਿਸ਼ ਵਿਚ, ਉਸ ਰਾਸ਼ਟਰ ਦੇ ਵਿਰੁੱਧ ਕੋਈ ਵੀ ਬਿਆਨਬਾਜ਼ੀ ਕਰਨ ਦੀ ਹਿੰਮਤ ਨਹੀਂ ਕਰਦਾ। ਉਸ ਨੂੰ ਉਸਦੀ ਵਿਦੇਸ਼ੀ ਨਾਗਰਿਕਤਾ ਖੁੱਸਣ ਦਾ ਡਰ ਰਹਿੰਦਾ ਹੈ। ਪਰਵਾਸ ਵਿਚ ਰਹਿੰਦੇ ਲੋਕ ਉਸ ਵਿਦੇਸ਼ੀ ਧਰਤੀ ਉਪਰ ਸ਼ਰਤਾਂ ਨਾਲ ਵੀ ਜੀਵਨ ਬਿਤਾਉਣ ਲਈ ਰਾਜ਼ੀ ਰਹਿੰਦੇ ਹਨ।

ਯੁਵਾ ਪਰਵਾਸ ਦੇ ਨਤੀਜੇ ਵਜੋਂ ਪੰਜਾਬ ਦੀ ਭਵਿੱਖ ਦੀ ਸਮਾਜਕਤਾ ਉਪਰ ਜੋ ਪ੍ਰਭਾਵ ਪੈ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਪੈਣ ਵਾਲਾ ਹੈ, ਉਹ ਚਿੰਤਾ ਦਾ ਵਿਸ਼ਾ ਨਹੀਂ ਸਗੋਂ ਚਿੰਤਨ ਦਾ ਵਿਸ਼ਾ ਹੈ। ਪਰਵਾਸੀ ਪੰਜਾਬੀਆਂ ਦੇ ਉਨ੍ਹਾਂ ਦੇ ਜੱਦੀ ਪਿੰਡਾਂ ਅਤੇ ਸ਼ਹਿਰਾਂ ਵਿਚ ਬਣੇ ਆਲੀਸ਼ਾਨ ਬੰਗਲੇ ਖਾਲੀ ਪਏ ਰਹਿੰਦੇ ਹਨ, ਜਿਨ੍ਹਾਂ ਦੀ ਦੇਖਭਾਲ ਲਈ ਹੁਣ ਕੋਈ ਜ਼ਿਆਦਾ ਰਿਸ਼ਤੇਦਾਰ ਨਹੀਂ ਸਗੋਂ ਭਾਰਤ ਦੇ ਦੂਜੇ ਰਾਜਾਂ ਵਿਚੋਂ ਕੰਮਕਾਰ ਕਰਨ ਆਏ ਮਜ਼ਦੂਰ ਹੀ ਹਨ। ਹਕੀਕਤ ਇਹ ਹੈ ਕਿ ਜੋ ਪਰਵਾਸੀ ਘਰ ਬਣਾ ਕੇ ਜਗ੍ਹਾ ਖਾਲੀ ਕਰ ਗਏ ਹਨ ਉਨ੍ਹਾਂ ਵਸੇਬਿਆਂ ਵਿਚ ਹੁਣ ਪਰਵਾਸੀ ਮਜ਼ਦੂਰ ਹੀ ਰਹਿੰਦੇ ਹਨ।

> Punjabi farmers readily took to new seeds, fertilisers and sprinkling system. However, a parallel change was taking place in farming—Punjab youth being replaced in agricultural work by migrants from other states. This development was due to the refusal of the local rural youth to be active in the farming activities which led to almost total dependence on the migrant labour.
>
> (Punjab's exodus without an end, Gurbachan Jagat).

ਪੰਜਾਬੀਆਂ ਅੰਦਰ ਪੂਰਬ ਤੋਂ ਆਏ ਮਜ਼ਦੂਰ ਪ੍ਰਤੀ ਹੀਣ ਭਾਵਨਾਂ ਦਾ ਪ੍ਰਗਟਾਵਾ ਰੋਜ਼ਮੱਰਾ ਦੇ ਜੀਵਨ-ਵਿਵਹਾਰ ਵਿਚ ਤਾਂ ਦਿਸਦਾ ਹੀ ਹੈ ਸਗੋਂ ਪਿਛਲੀਆਂ ਚੋਣਾਂ ਵਿਚ ਇਹ ਹੋਰ ਵੀ ਉੱਭਰ ਕੇ ਸਾਹਮਣੇ ਆਇਆ ਹੈ। ਪਰਵਾਸੀ ਮਜ਼ਦੂਰ ਵਰਗ ਨੂੰ ਹਿਕਾਰਤ ਦੀ ਜ਼ੁਬਾਨ ਵਿਚ ਗਾਲ਼ ਦੀ ਤਰ੍ਹਾਂ 'ਭੱਈਆ'ਸੰਬੋਧਨ ਕਰਕੇ ਸੱਦਣਾ, ਇਹ ਪ੍ਰਗਟ ਕਰਦਾ ਹੈ ਕਿ ਪੰਜਾਬ ਦੀ ਡੈਮੋਗ੍ਰੇਫ਼ੀ ਵਿਚ ਜੋ ਤਬਦੀਲੀ ਹੋ ਰਹੀ ਹੈ, ਪੰਜਾਬੀ, ਸਮੇਤ ਪਰਵਾਸੀ ਪੰਜਾਬੀ ਉਸ ਨੂੰ ਪ੍ਰਵਾਨ ਨਹੀਂ ਕਰ ਰਹੇ। ਪਰਵਾਸੀ ਅਤੇ ਵਾਸੀ ਪੰਜਾਬੀ ਇਸ ਨੂੰ ਚਿੰਤਾ ਦਾ ਵਿਸ਼ਾ ਮੰਨਦੇ ਹਨ ਜਦ ਕਿ ਇਹ ਚਿੰਤਨ ਦਾ ਵਿਸ਼ਾ ਹੈ। ਅਸੀਂ ਜੇਕਰ ਪੰਜਾਬੀਅਤ ਦੀ ਪਛਾਣ ਨੂੰ ਸਮਝਦੇ ਹਾਂ ਤਾਂ ਅਜਿਹੀਆਂ ਇਲਾਕਾਈ ਵੱਖਰਤਾਵਾਂ ਦੀ ਕੋਈ ਥਾਂ ਨਹੀਂ ਹੈ। ਪੰਜਾਬ ਅਤੇ ਪੰਜਾਬੀਅਤ ਇਕ ਸੋਚ ਹੈ, ਇਕ ਵਿਚਾਰਧਾਰਾ ਹੈ ਜਿਸ ਦੀ ਮੂਰਤ ਰੂਪ ਵਿਚ ਸਿਰਜਣਾ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਵੀ ਕੀਤੀ ਸੀ। ਗੁਰੂ ਸਾਹਿਬ ਨੇ ਜਦ ਖਾਲਸਾ ਸਾਜਿਆ ਸੀ ਤਾਂ ਉਹ ਇਕ ਸਰਬ-ਭਾਰਤੀ ਵਿਚਾਰ ਸੀ ਇਸੇ ਲਈ ਪੰਜ ਪਿਆਰਿਆਂ ਵਿਚੋਂ ਪਹਿਲੇ ਪੂਰਬ ਤੋਂ ਸਨ ਅਤੇ ਬਾਕੀ ਵੀ ਭਾਰਤ ਦੀਆਂ ਚਹੁੰ ਦਿਸ਼ਾਵਾਂ ਤੋਂ ਸਨ। ਮੱਧਕਾਲ ਵਿਚ ਗੁਰੂ ਸਾਹਿਬ ਨੇ ਪੰਜਾਬ ਨੂੰ ਇਕ ਵਿਚਾਰ ਅਤੇ ਵਿਚਾਰਧਾਰਾ ਦੇ ਰੂਪ ਵਿਚ ਤਸੱਵਰ ਕੀਤਾ ਸੀ। ਪਰ ਇਸ ਦੇ ਮੁਕਾਬਲੇ ਅੱਜ, ਰਾਜਨੀਤਕ ਕਾਰਣਾਂ ਕਰਕੇ ਜੋ ਭਾਈਚਾਰਕ ਪੱਧਰ 'ਤੇ ਨਫ਼ਰਤ ਦੀ ਹਵਾ ਚੱਲ ਰਹੀ ਹੈ, ਉਸ ਵਿਚ ਪੰਜਾਬ ਦੀ ਪਛਾਣ ਸਿਰਫ਼ ਇਕ ਵਰਗ, ਧਰਮ ਅਤੇ ਸੰਪ੍ਰਦਾਇ ਨਾਲ ਹੀ ਜੋੜੀ ਜਾ ਰਹੀ ਹੈ। ਉਸ ਤੋਂ ਵੀ ਅਗਾਂਹ ਇਹ ਪਛਾਣ ਪੰਜਾਬ ਦੇ 'ਜੱਟ' ਸਮਾਜ ਉੱਪਰ ਹੀ ਕੇਂਦ੍ਰਿਤ ਕਰਕੇ ਦਰਸਾਈ ਜਾ ਰਹੀ ਹੈ। ਇਸ ਦੀ ਮਿਸਾਲ ਵਰਤਮਾਨ ਸਮੇਂ ਦੇ ਲੋਕ-ਵਿਹਾਰ ਵਿਚੋਂ ਆਸਾਨੀ ਨਾਲ ਮਿਲ ਜਾਂਦੀ ਹੈ। ਪੰਜਾਬੀ ਗੀਤ-ਸੰਗੀਤ ਇਸੇ ਤਰ੍ਹਾਂ ਦੀ ਅੰਨ੍ਹੀ ਪੇਸ਼ਕਾਰੀ ਕਰਕੇ ਪੰਜਾਬ ਦੀ ਉਸ ਖੁੱਲ੍ਹੀ ਪਛਾਣ ਨੂੰ ਤਹਿਸ-ਨਹਿਸ ਕਰ ਰਿਹਾ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਜੀ ਸੀ। ਮਾਨਸਿਕ ਸੰਕੀਰਣਤਾ ਦੇ ਇਸ ਦੌਰ ਵਿਚ ਪੰਜਾਬ ਦੀ ਹਾਰ ਹੋ ਰਹੀ ਹੈ। ਸਮਾਜਕਤਾ ਤਾਂ ਉਨ੍ਹਾਂ ਵਸਨੀਕਾਂ ਦਾ ਮੁੱਦਾ ਹੁੰਦਾ ਹੈ ਜੋ ਸਮੂਹ ਵਿਚ ਰਹਿੰਦੇ ਅਤੇ ਵਿਚਰਦੇ ਹਨ, ਜਿਨ੍ਹਾਂ ਦਾ ਭੂਗੋਲਿਕ ਖੇਤਰ ਕਿਸੇ ਸਮੇਂ-ਸੀਮਾ ਅੰਦਰ ਨਿਰਧਾਰਤ ਕੀਤਾ ਜਾ ਸਕਦਾ ਹੈ। ਇਸ ਸੰਦਰਭ ਵਿਚ ਪਰਵਾਸੀਆਂ ਦੇ ਵਿਦੇਸ਼ਾਂ ਵਿਚ ਵੱਸਣ ਨਾਲ ਜੋ ਸਮਾਜਕਤਾ ਦੀ ਸਪੇਸ ਪੰਜਾਬ ਦੇ ਭੂ-ਖੰਡ ਵਿਚ ਪੈਦਾ ਹੋ ਰਹੀ ਹੈ, ਉਸ ਸਪੇਸ ਵਿਚ ਆਪਣਾ ਜੀਵਨ ਬਿਤਾਉਣ ਵਾਲੇ ਹੀ ਉਸ ਸਮਾਜਕਤਾ ਦੇ ਪ੍ਰਵਾਹ ਨੂੰ ਅੱਗੇ ਵਧਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਸਮਾਜਕਤਾ ਦਾ ਬਦਲਾਵ ਜਾਂ ਵਿਕਾਸ ਕੋਈ ਭਾਵੁਕਤਾ ਨਾਲ ਹੱਲ ਹੋਣ ਵਾਲਾ ਮਸਲਾ ਨਹੀਂ, ਇਹ ਤਾਂ ਇਕ ਸਮੂਹਿਕ ਪ੍ਰਯੋਜਨ ਹੈ। ਜੋ ਲੋਕ ਕਈ ਦਹਾਕਿਆਂ ਤੋਂ ਪੰਜਾਬ ਵਿਚ ਆਪਣੇ ਕੰਮ-ਧੰਦਿਆਂ ਲਈ ਆਉਂਦੇ ਰਹੇ ਹਨ ਅਤੇ ਸਮੇਂ ਦੇ ਨਾਲ ਉਨ੍ਹਾਂ ਨੇ ਪੰਜਾਬ ਨੂੰ ਹੀ ਆਪਣਾ ਵਸੇਬਾ ਬਣਾ ਲਿਆ ਹੈ ਤਾਂ ਉਹ ਪੰਜਾਬ ਦੀ ਸਮਾਜਕਤਾ ਦਾ ਹੀ ਹਿੱਸਾ ਮੰਨੇ ਜਾਣਗੇ। ਜਿਨ੍ਹਾਂ ਦੀਆਂ ਨਵੀਆਂ ਨਸਲਾਂ ਪੰਜਾਬ ਵਿਚ ਹੀ ਸਿੱਖਿਆ ਹਾਸਲ ਕਰਕੇ ਅਤੇ ਇਥੇ ਹੀ ਕੰਮਾਂ-ਕਾਰਾਂ ਵਿਚ ਲੱਗ ਰਹੇ ਹਨ, ਇਥੇ ਹੀ ਵਿਆਹ-ਸ਼ਾਦੀ ਕਰਵਾਕੇ ਵੱਸ ਰਹੇ ਹਨ ਤਾਂ ਉਨ੍ਹਾਂ ਦੀ ਸਮਾਜਕਤਾ ਪੰਜਾਬ ਦੀ ਸਮਾਜਕਤਾ ਦਾ ਹਿੱਸਾ ਬਣਕੇ ਇਕ-ਮਿਕ ਹੋ ਜਾਂਦੀ ਹੈ। ਇਹ ਪਰਿਵਰਤਨ ਕੋਈ

ਪਸੰਦ ਜਾਂ ਚੋਣ ਦਾ ਵਿਸ਼ਾ ਨਹੀਂ ਹੈ, ਇਹ ਤਾਂ ਹੋਣਾ ਹੀ ਹੈ। ਇਸ ਨੂੰ ਅਸਵੀਕਾਰ ਕਰਨਾ ਵੀ ਕੋਈ ਚੋਣ ਨਹੀਂ ਹੈ। ਇਸੇ ਲਈ ਇਹ ਮਸਲਾ ਚਿੰਤਾ ਦਾ ਨਹੀਂ ਬਲਕਿ ਚਿੰਤਨ ਦਾ ਹੈ।

> How long will this craze last and how long will our youth in such large numbers be tolerated there remains to be seen. How many will eventually get PR status is also debatable, the backlash seems to have started. Even Indians who have been settled there for years are complaining that the newcomers will take away their jobs. Some have already complained to the Canadian PM that the new entrants are 'stealing our jobs'. But at the moment, the Canadian government seems to be only counting the dollars but what about our central as well as state governments? Why have they decided to close their eyes to this foreign exploitation of our youth and depletion of our talent pool? What will be the future of Punjab if it's youth continues to flee like this and its higher education sector flounders? It will also lead to a huge demographic challenge. A generation may go missing.
>
> (Chander Mohan)

ਪਰਵਾਸੀ ਪੰਜਾਬੀਆਂ ਲਈ ਵੀ ਇਹੋ ਗੱਲ ਪ੍ਰਸੰਗਿਕ ਹੈ, ਕਿਉਂਕਿ ਦੇਸੀ ਪਰਵਾਸੀਆਂ ਦੀ ਤਰ੍ਹਾਂ ਹੀ ਪਰਵਾਸੀ ਪੰਜਾਬੀਆਂ ਨੇ ਵੀ ਵਿਦੇਸ਼ ਵਿਚ ਆਪਣੀ ਥਾਂ ਬਣਾਉਣੀ ਹੁੰਦੀ ਹੈ। ਦੂਜੇ ਦੇਸ਼ ਵਿਚ ਸਮਾਜਕਤਾ ਹਾਸਲ ਕਰਨ ਲਈ ਪਰਵਾਸੀ ਪੰਜਾਬੀਆਂ ਦੀ ਮਾਨਸਿਕ ਅਵਸਥਾ ਵੀ ਪਰਵਾਸੀ ਮਜ਼ਦੂਰਾਂ ਵਾਲੀ ਹੀ ਹੁੰਦੀ ਹੈ। ਇਹ ਪ੍ਰਕਿਰਿਆ ਦੇਸ਼ ਜਾਂ ਵਿਦੇਸ਼ ਵਿਚ ਸਮਾਜਕਤਾ ਬਣਨ ਦੀ ਸਹਿਜ ਪ੍ਰਕਿਰਿਆ ਹੀ ਹੈ। ਵਿਦੇਸ਼ਾਂ ਵਿਚ ਵੀ ਉਥੋਂ ਦੇ ਪੁਰਾਣੇ ਵਸਨੀਕਾਂ ਲਈ ਪਰਵਾਸੀਆਂ ਦੀ ਆਮਦ ਇਹੋ ਜਿਹੇ ਹੀ ਸਮਾਜਕਤਾ ਦੇ ਸਵਾਲ ਖੜੇ ਕਰਦੀ ਹੈ। ਇਸ ਲਈ ਸਮਾਜਕਤਾ ਦੇ ਇਸ ਅਮਲ ਨੂੰ ਸਹੀ ਤਰੀਕੇ ਨਾਲ ਅਤੇ ਉਸਾਰੂ ਸਮਝ ਕੇ ਗ੍ਰਹਿਣ ਕਰਨਾ ਵਧੇਰੇ ਸਾਰਥਕ ਹੋਵੇਗਾ।

**ਹਵਾਲੇ :**


1. https://www.tribuneindia.com/news/comment/punjabs-exodus-without-an-end-19414
2. https://www.tribuneindia.com/news/comment/punjabs-exodus-without-an-end-19414
3. https://timesofindia.indiatimes.com/blogs/despatch/flight-from-punjab/
4. https://www.tribuneindia.com/news/comment/punjabs-exodus-without-an-end-19414
5. https://timesofindia.indiatimes.com/blogs/despatch/flight-from-punjab/


◈